# ਮਨਮੋਹਨ ਸਿੰਘ ਦੀ ਕਸ਼ਮੀਰੀਆਂ ਨੂੰ ਧੋਖਾ ਦੇਣ ਦੀ ਇਕ ਹੋਰ ਕੋਸ਼ਿਸ਼

ਗੋਰਿਆਂ ਦੇ ਜਾਣ ਦੇ ਬਾਅਦ 1948 ਤੋਂ ਹੀ ਹਿੰਦੁਸਤਾਨ ਦਾ ਹਾਕਮ ਟੋਲਾ ਕਸ਼ਮੀਰੀਆਂ ਨਾਲ ਫ਼ਰੇਬ ਕਰਦਾ ਆਇਆ ਹੈ। ਉਨ੍ਹਾਂ ਦੀ ਫੌਜ ਨੇ ਕਸ਼ਮੀਰ ਤੇ ਕਬਜ਼ਾ ਕਰ ਲਿਆ ਅਤੇ  ਪਿਛਲੇ ਦਹਾਕਿਆਂ ਵਿਚ ਹਿੰਦੋਸਤਾਨ ਦੀ ਫੌਜ ਨੇ ਹਜ਼ਾਰਾਂ ਹੀ ਕਸ਼ਮੀਰੀ ਔਰਤਾਂ, ਮਰਦਾਂ, ਬੱਚਿਆਂ ਅਤੇ ਬਜ਼ੁਰਗਾਂ ਦਾ ਕਤਲ ਕੀਤਾ ਹੈ। ਪਰ ਹਿੰਦੁਸਤਾਨ ਦੇ ਹਾਕਮ ਟੋਲੇ ਦੇ ਨੁਮਾਇੰਦੇ ਨਹਿਰੂ, ਇੰਦਰਾ ਗਾਂਧੀ, ਰਾਜੀਵ ਗਾਂਧੀ, ਵਾਜਪਾਈ ਅਤੇ ਹੁਣ ਮਨਮੋਹਨ ਸਿੰਘ ਇਸ ਜਬਰ ਤਸ਼ੱਦਦ ਨੂੰ ਕਸ਼ਮੀਰੀ ਲੋਕਾਂ ਦੇ ਫ਼ਾਇਦੇ ਲਈ ਹੀ ਦੱਸਦੇ ਰਹੇ ਹਨ। ਉਹ ਕਹਿੰਦੇ ਹਨ ਕਿ ਹਿੰਦੁਸਤਾਨੀ ਫੌਜ ਵਲੋਂ ਕਸ਼ਮੀਰ ਉਤੇ ਕਬਜ਼ਾ ਕਸ਼ਮੀਰੀਆਂ ਦੀ ਭਲਾਈ ਲਈ ਹੀ ਹੈ। ਜਿਸ ਤਰਾਂ ਬੁਸ਼ ਇਰਾਕ ਤੇ ਕਬਜ਼ੇ ਨੂੰ ਇਰਾਕੀ ਲੋਕਾਂ ਦੀ ਭਲਾਈ ਵਾਲੀ ਗੱਲ ਕਹਿੰਦਾ ਹੈ ਉਸੇ ਤਰ੍ਹਾਂ ਹਿੰਦੁਸਤਾਨ ਦੇ ਲੀਡਰ ਵੀ ਕਸ਼ਮੀਰੀਆਂ ਉਤੇ ਕੀਤੇ ਜਾਂਦੇ ਜਬਰ ਅਤੇ ਤਸ਼ੱਦਦ ਨੂੰ ਕਸ਼ਮੀਰੀਆਂ ਦੀ ਭਲਾਈ ਕਰਨਾ ਦੱਸਦੇ ਹਨ।

ਮਨਮੋਹਨ ਸਿੰਘ ਨੇ ਹੁਣੇ ਜਿਹੇ ਕਸ਼ਮੀਰ ਵਿਚ ਬੋਲਦਿਆਂ ਕਿਹਾਃ-

"ਸਾਡੀ ਫੌਜ ਕਸ਼ਮੀਰ ਵਿਚ ਲੋਕਾਂ ਦੀ ਜ਼ਿੰਦਗੀ ਅਤੇ ਆਜ਼ਾਦੀ ਦੀ ਰੱਖਿਆ ਕਰਨ ਲਈ ਹੈ। ਸਾਡੀ ਫੌਜ ਇਕ ਕਾਬਿਜ਼ ਫੌਜ ਨਹੀਂ ਹੈ। ਇਸ ਫੌਜ ਦਾ ਰਿਕਾਰਡ ਫ਼ਖਰ ਵਾਲਾ ਰਿਕਾਰਡ ਹੈ, ਕਦੇ ਕਦੇ ਕੁਝ ਵਧੀਕੀਆਂ ਮੁਮਕਿਨ ਹੋ ਸਕਦੀਆਂ ਹਨ। ਇਹ ਵਧੀਕੀਆਂ ਬਰਦਾਸ਼ਤ ਨਹੀਂ ਕੀਤੀਆਂ ਜਾ ਸਕਦੀਆਂ। ਮਨੁੱਖੀ ਹੱਕਾਂ ਦੀ ਉਲੰਘਣਾ ਕਦੀ ਵੀ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ।"

ਪਰ ਕੀ ਕਸ਼ਮੀਰ ਦੇ ਲੋਕਾਂ ਦਾ ਰੋਜ਼ ਦਾ ਤਜਰਬਾ ਵੀ ਇਹੋ ਚੀਜ਼ ਦਰਸਾਉਂਦਾ ਹੈ? ਬਿਲਕੁਲ ਨਹੀ। ਹੋਰ ਜਾਬਰਾਂ ਵਾਂਗਰ ਮਨਮੋਹਨ ਸਿੰਘ ਵੀ ਸਮਝਦਾ ਹੈ ਕਿ ਉਹਦੇ ਮਕਰ ਫਰੇਬ ਦੇ ਮਿਠੜੇ ਬੋਲਾਂ ਨਾਲ ਕਸ਼ਮੀਰੀ ਲੋਕ ਆਪਣਾ ਕੌੜਾ ਤਜਰਬਾ ਭੁਲ ਜਾਣਗੇ ਅਤੇ ਆਪਣੀ ਆਜ਼ਾਦੀ ਅਤੇ ਹੱਕਾਂ ਦੀ ਜੰਗ ਨੂੰ ਬੰਦ ਕਰ ਜਾਣਗੇ। ਪਰ ਲੋਕਾਂ ਦੇ ਹਾਲਾਤ ਉਨ੍ਹਾਂ ਨੂੰ ਹਰ ਪਲ, ਹਰ ਘੜੀ ਇਹ ਯਾਦ ਕਰਾਉਂਦੇ ਰਹਿੰਦੇ ਹਨ ਕਿ ਕਸ਼ਮੀਰ ਵਿਚ ਹਿੰਦੁਸਤਾਨ ਦੇ ਸੱਤ ਲੱਖ ਫੌਜੀ ਕਸ਼ਮੀਰੀਆਂ ਦੇ ਜਾਨਮਾਲ ਦੀ ਰਾਖੀ ਲਈ ਨਹੀਂ ਬਲਕਿ ਉਨ੍ਹਾਂ ਦੇ ਜਾਨਮਾਲ ਤੇ ਕਬਜ਼ਾ ਕਰਨ ਲਈ ਹੀ ਹੈ। ਕੋਈ ਦਿਨ ਵੀ ਐਸਾ ਨਹੀਂ ਜਾਂਦਾ ਜਿਸ ਦਿਨ ਹਿੰਦੁਸਤਾਨ ਦੀ ਫੌਜ ਕਸ਼ਮੀਰੀ ਨੌਜਵਾਨਾਂ ਦੇ ਕਤਲ ਨਹੀਂ ਕਰਦੀ ਜਾਂ ਮਾਵਾਂ ਭੈਣਾ ਦੀ ਬੇਇੱਜ਼ਤੀ ਨਹੀਂ ਕਰਦੀ। ਹਰ ਪਾਸੇ, ਹਰ ਗਲੀ-ਸੜਕ ਉਤੇ ਹਿੰਦੁਸਤਾਨੀ ਫੌਜੀ ਉਨ੍ਹਾਂ ਦੀ ਪੱਤ ਲਾਹੁੰਦੇ ਹਨ। ਕਸ਼ਮੀਰੀਆਂ ਦਾ ਇਹ ਰੋਜ਼ ਦਾ ਤਜਰਬਾ ਹੈ।

ਮਨਮੋਹਨ ਸਿੰਘ ਦੀ ਸਰਕਾਰ ਅਤੇ ਹਿੰਦੁਸਤਾਨ ਦਾ ਹਾਕਮ ਟੋਲਾ ਆਸ ਕਰਦਾ ਹੈ ਕਿ ਉਹ ਕਸ਼ਮੀਰੀਆਂ ਦੇ ਕਿਸੇ ਝੋਲੀਚੁਕ ਜਥੇ ਨਾਲ ਕੋਈ ਸਮਝੌਤਾ ਕਰ ਲਵੇਗਾ ਅਤੇ ਉਸਨੂੰ ਕਸ਼ਮੀਰ ਸਰਕਾਰ ਦੀ ਵਾਗਡੋਰ ਸੰਭਾਲ ਦੇਵੇਗਾ ਅਤੇ ਰੌਲਾ ਪਾ ਦੇਵੇਗਾ ਕਿ ਕਸ਼ਮੀਰ ਦਾ ਮਸਲਾ ਹੱਲ ਹੋ ਗਿਆ ਹੈ, ਉੱਥੇ ਜਮਹੂਰੀਅਤ ਆ ਗਈ ਹੈ ਅਤੇ ਕਸ਼ਮੀਰੀ ਲੋਕ ਆਪਣੀ ਜਦੋਜਹਿਦ ਛੱਡ ਦੇਣਗੇ। ਪਰ ਕਸ਼ਮੀਰੀ ਲੋਕਾਂ ਦੇ ਹਾਲਾਤ ਉਨ੍ਹਾਂ ਨੂੰ ਕੁਝ ਹੋਰ ਹੀ ਸਿਖਾ ਰਹੇ ਹਨ ਅਤੇ ਇਹ ਉਹ ਨਹੀਂ ਜੋ ਮਨਮੋਹਨ ਸਿੰਘ ਦੀ ਫਰੇਬੀ ਫ਼ਿਕਰੇਬਾਜ਼ੀ ਸੁਝਾ ਰਹੀ ਹੈ।